**• ਗੁਰੂ ਗੋਬਿੰਦ ਸਿੰਘ ਤੋਂ ਪ੍ਰਭਾਵਿਤ -** ਉਹ ਗੁਰੂ ਜੀ ਤੋਂ ਪ੍ਰਭਾਵਿਤ ਹੈ। ਉਹ ਔਰੰਗਜ਼ੇਬ ਨੂੰ ਗੁਰੂ ਜੀ ਦੁਆਰਾ ਲਿਖੇ ਗਏ 'ਜ਼ਫ਼ਰਨਾਮੇ' ਬਾਰੇ ਕਹਿੰਦਾ ਹੈ, "ਅੱਲਾਹ ਦੇ ਆਸ਼ਕਾਂ ਨੂੰ ਕਿਸੇ ਦਾ ਡਰ-ਭੈ ਨਹੀਂ ਹੁੰਦਾ, ਖ਼ਰੀਆਂ-ਖ਼ਰੀਆਂ ਲਿਖ ਦਿੱਤੀਆਂ ਹੋਣਗੀਆਂ, ਜੋ ਹਜ਼ੂਰ ਦੀ ਜ਼ਮੀਰ ਨੂੰ ਟੁੰਬ ਰਹੀਆਂ ਹਨ।" ਉਹ ਗੁਰੂ ਜੀ ਬਾਰੇ ਕਹਿੰਦਾ ਹੈ ਕਿ ਇਹ ਸਾਰੇ ਮੰਨਦੇ ਹਨ ਕਿ ਉਹ ਅਜ਼ਮਤ ਵਾਲਾ ਪੀਰ ਹੈ।

**• ਫ਼ਕੀਰਾਂ ਤੋਂ ਡਰਨ ਵਾਲਾ -** ਉਹ ਫ਼ਕੀਰਾਂ ਦੀਆਂ ਬਦ-ਦੁਆਵਾਂ ਤੋਂ ਡਰਦਾ ਹੈ। ਉਹ ਬਾਦਸ਼ਾਹ ਔਰੰਗਜ਼ੇਬ ਨੂੰ ਕਹਿੰਦਾ ਹੈ ਕਿ ਫ਼ਕੀਰਾਂ ਦੀ ਬਦ-ਦੁਆ ਤੋਂ ਖ਼ੁਦਾ ਬਚਾਏ।

**• ਇੱਕ ਯੋਗ ਅਤੇ ਸਿਆਣਾ ਸਲਾਹਕਾਰ -** ਅਸਦ ਖ਼ਾਨ ਇੱਕ ਯੋਗ ਤੇ ਸਿਆਣਾ ਸਲਾਹਕਾਰ ਹੈ। ਉਹ ਔਰੰਗਜ਼ੇਬ ਨੂੰ ਸਹੀ ਸਮੇਂ ਸਹੀ ਸਲਾਹ ਦਿੰਦਾ ਹੈ। ਉਹ ਵਿਗੜੇ ਹਲਾਤ ਨੂੰ ਸਮਝ ਕੇ ਔਰੰਗਜ਼ੇਬ ਨੂੰ ਦੱਖਣ ਵੱਲ ਨਾ ਜਾਣ ਅਤੇ ਗੁਰੂ ਜੀ ਨਾਲ ਸੁਲਾਹ ਕਰਨ ਦੀ ਸਲਾਹ ਦਿੰਦਾ ਹੈ।

## ••• ਬੇਗਮ ਉਦੈਪੁਰੀ ਦਾ ਚਰਿੱਤਰ-ਚਿਤਰਨ •••

**• ਜਾਣ-ਪਛਾਣ -** ਬੇਗਮ ਉਦੈਪੁਰੀ 'ਜ਼ਫ਼ਰਨਾਮਾ' ਇਕਾਂਗੀ ਦੀ ਇਕ ਨਿਮਨ ਪਾਤਰ ਹੈ। ਉਹ ਔਰੰਗਜ਼ੇਬ ਦੀ ਤੀਜੀ ਇਤਾਲਵੀ ਪਤਨੀ ਹੈ। ਸ਼ਹਿਜ਼ਾਦਾ ਕਾਮ ਬਖ਼ਸ਼ ਤੇ ਸ਼ਹਿਜ਼ਾਦੀ ਜ਼ੀਨਤ-ਉਨ-ਨਿਸਾ ਉਸ ਦੇ ਬੱਚੇ ਹਨ।

**• ਪਤੀ ਦੇ ਪਿਆਰ ਦੀ ਪਾਤਰ -** ਇਕਾਂਗੀ ਵਿੱਚ ਬਾਦਸ਼ਾਹ ਔਰੰਗਜ਼ੇਬ ਉਸ ਨੂੰ ਸਭ ਤੋਂ ਵੱਧ ਚਾਹੁੰਦਾ ਹੈ । ਉਹ ਸੁਪਨੇ ਵਿਚ ਮੁਅੱਜ਼ਮ ਨੂੰ ਬੇਨਤੀ ਕਰਦਾ ਹੈ ਕਿ ਉਹ ਬੇਗਮ ਉਦੈਪੁਰੀ ਤੇ ਕਾਮ ਬਖ਼ਸ਼ ਨੂੰ ਨਾ ਮਾਰੇ।

**• ਪਤੀ ਦੀ ਸਿਹਤ ਦੀ ਚਿੰਤਾ ਕਰਨ ਵਾਲੀ -** ਉਹ ਆਪਣੇ ਪਤੀ ਬਾਦਸ਼ਾਹ ਔਰੰਗਜ਼ੇਬ ਦੀ ਸਿਹਤ ਪ੍ਰਤੀ ਕਾਫ਼ੀ ਚਿੰਤਤ ਹੈ। ਉਹ ਉਸ ਨੂੰ ਪਰੇਸ਼ਾਨ ਦੇਖ ਕੇ ਬਹੁਤ ਫ਼ਿਕਰਮੰਦ ਹੁੰਦੀ ਹੈ ਅਤੇ ਉਸ ਦੀ ਆਗਿਆ ਲਏ ਬਿਨਾਂ ਹੀ ਸ਼ਾਹੀ ਹਕੀਮ ਤੇ ਅਸਦ ਖ਼ਾਨ ਨੂੰ ਬੁਲਾਵਾ ਭੇਜ ਦਿੰਦੀ ਹੈ। ਉਹ ਔਰੰਗਜ਼ੇਬ ਨੂੰ ਕਹਿੰਦੀ ਹੈ ਕਿ ਉਸ ਦੀ ਸੇਵਾ ਤੋਂ ਬਿਨਾਂ ਉਸ ਦੀ ਜ਼ਿੰਦਗੀ ਦਾ ਹੋਰ ਕੋਈ ਮਕਸਦ ਨਹੀਂ।

**• ਪਤੀ ਤੋਂ ਡਰਨ ਵਾਲੀ -** ਉਹ ਆਪਣੇ ਪਤੀ ਔਰੰਗਜ਼ੇਬ ਤੋਂ ਡਰਦੀ-ਡਰਦੀ ਹੀ ਉਸ ਦੇ ਕਮਰੇ ਵਿਚ ਦਾਖ਼ਲ ਹੁੰਦੀ ਹੈ। ਜਦੋਂ ਔਰੰਗਜ਼ੇਬ ਉਸ ਨੂੰ ਪੁੱਛਦਾ ਹੈ ਕਿ ਉਸ ਨੇ ਉਸ ਦੀ ਸਿਹਤ ਬਾਰੇ ਕਾਮ ਬਖ਼ਸ਼ ਨੂੰ ਇਤਲਾਹ ਤਾਂ ਨਹੀਂ ਭੇਜੀ? ਤਾਂ ਉਹ ਕੰਨਾਂ ਨੂੰ ਹੱਥ ਲਾ ਕੇ ਕਹਿੰਦੀ ਹੈ ਕਿ ਉਸ ਦੇ ਹੁਕਮ ਤੋਂ ਬਿਨਾਂ ਉਹ ਅਜਿਹਾ ਕਦਮ ਨਹੀਂ ਪੁੱਟ ਸਕਦੀ।

## ਸ਼ਾਹੀ ਹਕੀਮ ਦਾ ਚਰਿੱਤਰ-ਚਿਤਰਨ

**• ਜਾਣ-ਪਛਾਣ -** ਸ਼ਾਹੀ ਹਕੀਮ 'ਜ਼ਫ਼ਰਨਾਮਾ' ਇਕਾਂਗੀ ਦਾ ਇਕ ਨਿਮਨ ਪਾਤਰ ਹੈ। ਉਹ ਔਰੰਗਜ਼ੇਬ ਦੇ ਸ਼ਾਹੀ ਦਰਬਾਰ ਦਾ ਹਕੀਮ ਹੈ।

**• ਇੱਕ ਮਾਹਰ ਹਕੀਮ -** ਉਹ ਇੱਕ ਮਾਹਰ ਸ਼ਾਹੀ ਹਕੀਮ ਹੈ। ਉਹ ਬਾਦਸ਼ਾਹ ਔਰੰਗਜ਼ੇਬ ਦੇ ਕਮਰੇ ਵਿੱਚ ਖਿੱਲਰੀਆਂ ਚੀਜਾਂ ਨੂੰ ਦੇਖ ਕੇ ਬਾਦਸ਼ਾਹ ਦੀ ਮਾਨਸਿਕ ਹਾਲਤ ਨੂੰ ਸਮਝ ਲੈਂਦਾ ਹੈ। ਉਹ ਔਰੰਗਜ਼ੇਬ ਦੀਆਂ ਅੱਖਾਂ ਨੂੰ ਦੇਖ ਕੇ ਜਾਣ ਲੈਂਦਾ ਕਿ ਉਹਨਾਂ ਨੂੰ ਨੀਂਦ ਤੇ ਅਰਾਮ ਦੀ ਸਖ਼ਤ ਜ਼ਰੂਰਤ ਹੈ। ਉਹ ਔਰੰਗਜ਼ੇਬ ਨੂੰ ਅਰਾਮ ਕਰਨ ਦੀ ਸਲਾਹ ਦਿੰਦਾ ਹੈ ਅਤੇ ਜ਼ਿਹਨੀ ਕੁਵੱਤ ਦੀ ਦਵਾਈ ਦਿੰਦਾ ਹੈ।

**• ਚਿਹਰਾ ਦੇਖ ਕੇ ਮਨ ਦੀ ਹਾਲਤ ਸਮਝਣ ਵਾਲਾ** - ਉਹ ਬਾਦਸਾਹ ਦਾ ਚਿਹਰਾ ਦੇਖ ਕੇ ਹੀ ਮਨ ਦੀ ਹਾਲਤ ਸਮਝ ਲੈਂਦਾ ਹੈ। ਉਹ ਕਹਿੰਦਾ ਹੈ, ਜਹਾਨ ਪਨਾਹ, ਹਜ਼ੂਰ ਦੇ ਚਿਹਰੇ ਤੇ ਅੱਖਾਂ ਦੀ ਅਲਾਮਤ ਚਿੰਤਾ ਭਰੀ ਹੈ।

**ਪ੍ਰਸ਼ਨ 9. ਔਰੰਗਜ਼ੇਬ ਨੂੰ ਕੀ ਪੜ੍ਹ ਕੇ ਨੀਂਦ ਨਹੀਂ ਸੀ ਆਈ ?**

ਉੱਤਰ - ਜ਼ਫ਼ਰਨਾਮਾ ।

**ਪ੍ਰਸ਼ਨ 10. ਔਰੰਗਜ਼ੇਬ ਦੀ ਇਤਾਲਵੀ ਬੇਗਮ ਦਾ ਨਾਂ ਕੀ ਸੀ ?**

ਉੱਤਰ - ਬੇਗਮ ਉਦੈਪੁਰੀ।

**ਪ੍ਰਸ਼ਨ 11. ਅਸਦ ਖ਼ਾਨ ਕੌਣ ਸੀ ?**

ਉੱਤਰ - ਔਰੰਗਜ਼ੇਬ ਦਾ ਆਹਲਾ ਅਹਿਲਕਾਰ ਅਤੇ ਦੋਸਤ ।

**ਪ੍ਰਸਨ 12. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ ਖ਼ਤ ਦਾ ਕੀ ਨਾਂ ਸੀ ?**

ਉੱਤਰ - ਜ਼ਫ਼ਰਨਾਮਾ।

**ਪਸ਼ਨ 13. ਔਰੰਗਜ਼ੇਬ ਕੋਲ 'ਜ਼ਫ਼ਰਨਾਮਾ' ਕੌਣ ਲੈ ਕੇ ਗਿਆ ਸੀ ?**

ਉੱਤਰ - ਭਾਈ ਦਯਾ ਸਿੰਘ ।

**ਪਸ਼ਨ 14. ਗੁਰੂ ਤੇਗ ਬਹਾਦਰ ਜੀ ਦੇ ਕਤਲ ਦਾ ਹੁਕਮ ਕਿਸ ਨੇ ਦਿੱਤਾ ਸੀ ?**

ਉੱਤਰ - ਔਰੰਗਜ਼ੇਬ ਨੇ।

**ਪ੍ਰਸ਼ਨ 15. ਗੁਰੂ ਜੀ ਨੇ ਔਰੰਗਜ਼ੇਬ ਨੂੰ ਕਿੱਥੇ ਮਿਲਣ ਲਈ ਪੈਗ਼ਾਮ ਭੇਜਿਆ ਸੀ ?**

ਉੱਤਰ - ਮਾਲਵੇ ਦੇ ਕਾਂਗੜ ਨਗਰ ਵਿਖੇ ।

**ਪ੍ਰਸ਼ਨ 16. ਔਰੰਗਜ਼ੇਬ ਦੇ ਪਰਿਵਾਰ ਵਿੱਚੋਂ ਕੌਣ-ਕੌਣ ਗੁਰੂ ਜੀ ਦੇ ਹੱਕ ਵਿੱਚ ਬੋਲਦੇ ਸਨ ?**

ਉੱਤਰ - ਜ਼ੀਨਤ-ਉਨ-ਨਿਸਾ ਤੇ ਸ਼ਹਿਜ਼ਾਦਾ ਮੁਅੱਜ਼ਮ।

**ਪ੍ਰਸ਼ਨ 17. ਬਾਬਰ ਨੇ ਕਿਸ ਅੱਗੇ ਸਿਰ ਝੁਕਾਇਆ ਸੀ ?**

ਉੱਤਰ – ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ।

**ਪ੍ਰਸ਼ਨ 18. ਔਰੰਗਜ਼ੇਬ ਆਪਣੇ ਦਿਲ ਦੇ ਰਾਜ਼ ਕਿਸ ਕੋਲ ਦੱਸਦਾ ਸੀ ?**

ਉੱਤਰ - ਅਸਦ ਖ਼ਾਨ ਕੋਲ।

**ਪ੍ਰਸ਼ਨ 19. ਅਸਦ ਖਾਂ ਅਜ਼ਮਤ ਵਾਲਾ ਪੀਰ ਕਿਸਨੂੰ ਕਹਿੰਦਾ ਹੈ ?**

ਉੱਤਰ - ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ।

**ਪ੍ਰਸ਼ਨ 20. ਕਾਮ ਬਖ਼ਸ਼ ਕੌਣ ਸੀ ।**

ਉੱਤਰ - ਔਰੰਗਜ਼ੇਬ ਅਤੇ ਬੇਗਮ ਉਦੈਪੁਰੀ ਦਾ ਪੁੱਤਰ।



**ਗੁਰਦੀਪ ਸਿੰਘ ਬਰਾੜ ਪੰਜਾਬੀ ਮਾਸਟਰ ਸਸਸਸ ਕੋਟਲੀ ਅਬਲੂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋ 9193700037**